**ਬੀ ਸੀ ਐੱਮ ਸਕੂਲ, ਚੰਡੀਗੜ੍ਹ ਰੋਡ ਲੁਧਿਆਣਾ।**

**ਸੀਨੀਅਰ ਸੈਕੰਡਰੀ ਸਕੂਲ ਆਫ ਬੀ ਸੀ ਐੱਮ ਫਾਉਂਡੇਸ਼ਨ**

**ਕੇਂਦਰੀ ਮਾਧਮਿਕ ਸਿੱਖਿਆ ਬੋਰਡ ਦੁਆਰਾ ਮਾਨਤਾ ਪ੍ਰਾਪਤ, ਨਵੀਂ ਦਿੱਲੀ।**

**ਸੈਸ਼ਨ**-2024-25

**ਵਿਸ਼ਾ ਪੰਜਾਬੀ** **ਵਰਕਸ਼ੀਟ** **ਜਮਾਤ ਚੌਥੀ**

***ਹੇਠ ਲਿਖੇ ਵਾਕਾਂ ਅੱਗੇ ਕਾਲ ਦੀਆਂ ਕਿਸਮਾਂ ਦੇ ਨਾਂ ਲਿਖੋ**

**1.**ਬੱਚੇ ਪੜ੍ਹ ਰਹੇ ਹਨ **।**

**2.**ਰਾਮ ਕਵਿਤਾ ਸੁਣਾ ਰਿਹਾ ਹੈ**।**

**3.**ਮੈਂ ਆਪਣਾ ਜਨਮਦਿਨ ਮਨਾਵਾਂਗਾ**।**

**4.** ਬੱਚਾ ਖੇਡ ਰਿਹਾ ਸੀ **।**

**5.**ਲੋਕ ਤਲਾਬ ਵਿੱਚ ਨਹਾ ਰਹੇ ਹਨ

**6.**ਮੁੰਡੇ ਕ੍ਰਿਕਟ ਖੇਡ ਰਹੇ ਸਨ**।**

* ਹੇਠ ਲਿਖੇ ਵਾਕਾਂ ਦੇ ਲਿੰਗ ਬਦਲ ਕੇ ਵਾਕਾਂ ਨੂੰ ਦੁਬਾਰਾ ਲਿਖੋ

1. ਹਿਰਨ ਤੇਜ਼ ਦੌੜਦਾ ਹੈ।

2. ਕਬੂਤਰ ਦਾਣਾ ਖਾਂਦਾ ਹੈ।

3. ਚੋਰ ਨੇ ਚੋਰੀ ਕੀਤੀ।

4. ਘੁਮਿਆਰ ਭਾਂਡੇ ਬਣਾ ਰਿਹਾ ਹੈ।

5. ਮੇਰੇ ਮਾਮਾ ਜੀ ਆਏ ਹਨ।

6. ਸ਼ੇਰ ਜੰਗਲ ਵਿੱਚ ਜਾ ਰਿਹਾ ਹੈ।

*ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖ ਕੇ ਵਾਕਾਂ ਨੂੰ ਦੁਬਾਰਾ ਲਿਖੋ।

1. ਮੈਂ ਬਹੁਤ ਖੁਸ਼ ਹਾਂ ।
2. ਅਸੀਂ ਅੱਜ ਸ਼ਹਿਰ ਜਾਵਾਂਗੇ।
3. ਗੀਤਾ ਹਿੰਮਤੀ ਕੁੜੀ ਹੈ।
4. ਰਾਮ ਦੇ ਬਹੁਤ ਮਿੱਤਰ ਹਨ।
5. ਗਰਮੀ ਦਾ ਮੌਸਮਹੈ।
6.ਇਹ ਕੱਪੜਾ ਸਸਤਾ ਹੈ।

*ਸਮਾਨਾਰਥਕ ਸ਼ਬਦ

| | |
|---|---|
| ਕਥਾ | ਖੁਸ਼ੀ |
| ਕੌਮੀ | ਧਰਤੀ |
| ਵੀਰ | ਬਲਵਾਨ |
| ਉਚਿਤ | ਉਪਕਾਰ |
| ਇਸਤਰੀ | ਦੋਸਤ |

*ਬੋਲੀ ਕਿਸਨੂੰ ਆਖਦੇ ਹਨ?

*ਵਿਆਕਰਨ ਕਿਸਨੂੰ ਆਖਦੇ ਹਨ?

*ਕਾਲ ਕਿਸਨੂੰ ਆਖਦੇ ਹਨ?

*ਲਗਾਂ ਕਿਸਨੂੰ ਆਖਦੇ ਹਨ?

*ਅਣਡਿੱਠਾ- ਪੈਰ੍ਹਾ

ਕੁਦਰਤ ਨੇ ਸਾਡੇ ਲਈ ਸਿਹਤਮੰਦ ਤੇ ਸੁਖਾਵੇਂ ਵਾਤਾਵਰਨ ਦੀ ਸਿਰਜਣਾ ਕੀਤੀ ਹੈ। ਪ੍ਰੰਤੂ ਮਨੁੱਖ ਨੇ ਆਪਣੇ ਪਦਾਰਥਕ ਸੁੱਖਾਂ ਦੀ ਖ਼ਾਤਰ ਵਾਤਾਵਰਨ ਨੂੰ ਦੂਸ਼ਿਤ ਕਰਕੇ ਰੱਖ ਦਿੱਤਾ ਹੈ ।ਜਦੋਂ ਵੀ ਮਨੁੱਖ ਨੇ ਪ੍ਰਕਿਰਤੀ ਦੇ ਕੰਮਾਂ ਵਿਚ ਦਖ਼ਲ ਦਿੱਤਾ ਹੈ, ਪ੍ਰਕਿਰਤੀ ਦਾ ਸੰਤੁਲਨ ਵਿਗੜਿਆ ਹੈ ਤੇ ਕੋਈ ਨਾ ਕੋਈ ਸਮੱਸਿਆ ਖੜ੍ਹੀ ਹੋਈ ਹੈ । ਪ੍ਰਦੂਸ਼ਣ ਦੇ ਅਨੇਕਾਂ ਕਾਰਨ ਹਨ ।ਜੰਗਲਾਂ ਦੇ ਜੰਗਲ ਰੋਜ਼ਾਨਾ ਕੱਟੇ ਜਾ ਰਹੇ ਹਨ ।ਫੈਕਟਰੀਆਂ ਤੇ ਕਾਰਖਾਨਿਆਂ ਦੀ ਗਿਣਤੀ ਵਿੱਚ ਵੀ ਵਾਧਾ ਹੋ ਰਿਹਾ ਹੈ।ਉਨ੍ਹਾਂ ਵਿਚੋਂ ਗੰਦਾ ਧੂੰਆਂ ਸਾਰੇ ਵਾਤਾਵਰਨ ਨੂੰ ਗੰਧਲਾ ਕਰ ਰਿਹਾ ਹੈ।ਆਲੇ ਦੁਆਲੇ ਰੌਲਾ-ਰੱਪਾ ਵੱਧ ਰਿਹਾ ਹੈ| ਵਾਯੂ ਪ੍ਰਦੂਸ਼ਣ ਦੇ ਕਾਰਨ ਮਨੁੱਖ ਅੱਜ ਅਨੇਕਾਂ ਹੀ ਬਿਮਾਰੀਆਂ ਵਿੱਚ ਘਿਰਿਆ ਹੋਇਆ ਹੈ ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ -

ਪ੍ਰਸ਼ਨ1.ਜਦੋਂ ਵੀ ਮਨੁੱਖ ਨੇ ਪ੍ਰਕਿਰਤੀ ਦੇ ਕੰਮਾਂ ਵਿਚ ਦਖ਼ਲ ਦਿੱਤਾ ਤਾਂ ਕੀ ਹੋਇਆ ਹੈ?

ਉੱਤਰ________________________________________________________________

__________________________________________________________________

ਪ੍ਰਸ਼ਨ2.ਵਾਯੂ ਪ੍ਰਦੂਸ਼ਣ ਦੇ ਕਾਰਨ ਕੀ ਹੋਇਆ ਹੈ ?

ਉੱਤਰ________________________________________________________________

__________________________________________________________________

3 ਖਾਲੀ ਥਾਵਾਂ ਭਰੋ

1.ਫੈਕਟਰੀਆਂ ਤੇ___________________ ਦੀ ਗਿਣਤੀ ਵਿੱਚ ਵੀ ਵਾਧਾ ਹੋ ਰਿਹਾ ਹੈ ।

2. ________________ਦੇ ਅਨੇਕਾਂ ਕਾਰਨ ਹਨ ।

3.ਜੰਗਲ ਦੇ ਜੰਗਲ ਰੋਜ਼ਾਨਾ __________ਜਾ ਰਹੇ ਹਨ।

4.ਵਚਨ ਬਦਲੋ

1. ਸੁੱਖ-_________ 2. ਫੈਕਟਰੀ-___________

5. ਸ਼ੁੱਧ ਕਰਕੇ ਲਿਖੋ

1. ਸਿਹਤਮਦ -_____________ 2. ਗਿਣਤਿ-________________